International Research Journal of Human Resources and Social Sciences
ISSN(O): (2349-4085) ISSN(P): (2394-4218)
Impact Factor- 5.414, Volume 4, Issue 12, December 2017
Website- www.aarf.asia, Email : editor@aarf.asia , editoraarf@gmail.com

# ਭਗਤ ਕਬੀਰ

## (Bhagat Kabir)

**ਵੀਰਪਾਲ ਸਿੰਘ**
**ਸਹਾਇਕ ਪ੍ਰੋਫ਼ੈਸਰ**
**ਪੋਸਟ ਗ੍ਰੈਜੂਏਟ ਰਾਜਨੀਤੀ ਵਿਗਿਆਨ ਵਿਭਾਗ**
**ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ਼**
**ਸ੍ਰੀ ਅਨੰਦਪੁਰ ਸਾਹਿਬ।**

ਭਗਤ ਕਬੀਰ ਜੀ ਪੰਦਰਵੀਂ ਸਦੀ ਦੇ ਭਾਰਤੀ ਰਹੱਸਵਾਦੀ ਕਵੀ ਸਨ । ਕੁਝ ਵਿਦਵਾਨਾਂ ਅਨੁਸਾਰ ਉਨ੍ਹਾਂ ਦੀਆਂ ਲਿਖਤਾਂ ਹਿੰਦੂਤਵ ਦੀ ਭਗਤੀ ਲਹਿਰ ਤੋਂ ਪ੍ਰਭਾਵਿਤ ਸਨ। ਭਗਤ ਕਬੀਰ ਜੀ ਨੂੰ ਰਾਮਾਨੰਦ ਦਾ ਪਹਿਲਾ ਚੇਲਾ ਵੀ ਮੰਨਿਆ ਜਾਂਦਾ ਹੈ। ਬਹੁਤ ਸਾਰੇ ਹਿੰਦੂ ਵਿਦਵਾਨ ਉਨ੍ਹਾਂ ਨੂੰ ਇੱਕ ਸੁਧਾਰਵਾਦੀ ਅਤੇ ਮਹਾਨ ਭਗਤ ਮੰਨਦੇ ਹਨ । ਭਗਤ ਕਬੀਰ ਜੀ ਦੀ ਬਹੁਤ ਸਾਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦਰਜ ਹੈ । ਉਨ੍ਹਾਂ ਦੁਆਰਾ ਲਿਖੇ ਗਏ ਦੋਹੇ ਬਹੁਤ ਪ੍ਰਸਿੱਧ ਹਨ । ਕਬੀਰ ਜੀ ਨੇ ਉਸ ਸਮੇਂ ਦੇ ਹਿੰਦੂ ਅਤੇ ਮੁਸਲਿਮ ਧਰਮਾਂ ਵਿੱਚ ਪ੍ਰਚਲਿਤ ਕਰਮਕਾਂਡਾਂ ਅਤੇ ਅੰਧ -ਵਿਸ਼ਵਾਸਾਂ ਦਾ ਖੰਡਨ ਕੀਤਾ। ਉਨ੍ਹਾਂ ਨੇ ਉਸ ਸਮੇਂ ਦੇ ਰਾਜਨੀਤਕ , ਆਰਥਿਕ ਅਤੇ ਸਮਾਜਿਕ ਹਾਲਾਤਾਂ ਉੱਤੇ ਵਿਸਥਾਰਪੂਰਵਕ ਚਾਨਣਾ ਵੀ ਪਾਇਆ। ਇਸ ਲਈ ਉਨ੍ਹਾਂ ਨੂੰ ਪੰਦਰਵੀਂ ਸਦੀ ਦਾ ਮਹਾਨ ਵਿਚਾਰਕ ਹੋਣ ਦਾ ਮਾਣ ਵੀ ਪ੍ਰਾਪਤ ਹੈ ।

**ਜੀਵਨ ( Life):** ਕਬੀਰ ਜੀ ਦੇ ਜੀਵਨ ਕਾਲ ਸਬੰਧੀ ਵੱਖ -ਵੱਖ ਵਿਦਵਾਨਾਂ ਦੇ ਵੱਖ -ਵੱਖ ਵਿਚਾਰ ਹਨ। ਕੁਝ ਵਿਦਵਾਨ ਕਬੀਰ ਜੀ ਦਾ ਸਮਾਂ **1398-1448 ਈਸਵੀ** ਮੰਨਦੇ ਹਨ ਅਤੇ ਕੁਝ **1440-1518 ਈਸਵੀ** ਮੰਨਦੇ ਹਨ। ਉਨ੍ਹਾਂ ਦੇ ਜਨਮ ਸਬੰਧੀ ਵੀ ਕਈ ਕਹਾਣੀਆਂ ਪ੍ਰਚੱਲਿਤ ਹਨ । ਉਨ੍ਹਾਂ ਦੇ ਕੁਝ ਪੈਰੋਕਾਰਾਂ ਦਾ ਇਹ ਮੰਨਣਾ ਹੈ ਕਿ ਕਬੀਰ ਜੀ ਇੱਕ ਤਲਾਬ ਵਿੱਚੋਂ ਮਿਲੇ ਸਨ, ਜਿੱਥੇ ਉਨ੍ਹਾਂ ਨੂੰ ਨਵਜੰਮੇ ਬੱਚੇ ਦੇ ਰੂਪ ਵਿੱਚ ਸਵਰਗ ਤੋਂ ਇੱਕ ਕਮਲ ਦੇ ਫ਼ੁੱਲ ਉੱਤੇ ਭੇਜਿਆ ਗਿਆ ਸੀ , ਇੱਕ ਪ ਤੀ-ਪਤਨੀ ਦਾ ਜੋੜਾ ਸੀ ਜੋ ਹਰ ਰੋਜ਼ ਉਸ ਤਲਾਬ 'ਤੇ ਇਸ਼ਨਾਨ ਕਰਨ ਜਾਂਦਾ ਸੀ। ਇੱਕ ਦਿਨ ਅਚਾਨਕ ਸਵੇਰੇ-ਸਵੇਰੇ ਉਨ੍ਹਾਂ ਨੂੰ ਤਲਾਬ ਵਿੱਚ ਇੱਕ ਕਮਲ ਦੇ ਫ਼ੁੱਲ ਉੱਪਰੋਂ ਨਵ -ਜੰਮੇ ਬੱਚੇ ਦੇ ਰੂਪ ਵਿੱਚ ਭਗਤ ਕਬੀਰ ਜੀ ਮਿਲੇ। ਉਸ ਜੋੜੇ ਨੇ ਫਿਰ ਉਸ ਬੱਚੇ ਨੂੰ ਮੁਸਲਿਮ ਘਰਾਣੇ ਵਿੱਚ ਸ਼ਾਮਿਲ ਕਰ ਲਿਆ ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਇਹ ਜੋੜਾ ਪਹਿਲਾਂ ਹਿੰਦੂ ਸੀ, ਪਰ ਆਧੁਨਿਕ ਵਿਦਵਾਨ ਇਸ ਮੱਤ ਦਾ ਖੰਡਨ ਕਰਦੇ ਹਨ । ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਭਗਤ ਕਬੀਰ ਜੀ ਦੇ ਮਾਪੇ ਉਹਨਾ ਦੇ ਜਨਮ ਤੋਂ ਕੁਝ ਸਮਾਂ ਪਹਿਲਾਂ ਹੀ ਇਸਲਾਮ ਧਰਮ ਵਿੱਚ ਸ਼ਾਮਿਲ ਹੋਏ ਸਨ ।

ਇਸ ਲਈ ਸੰਭਾਵਿਤ ਤੌਰ ਤੇ ਉਹ ਇਸਲਾਮਿਕ ਪ੍ਰੰਪਰਾਵਾਂ ਤੋਂ ਅਣਜਾਣ ਸਨ ਅਤੇ ਸੰਭਾਵਤ ਤੌਰ 'ਤੇ ਹਿੰਦੂ ਧਰਮ ਦੇ ਨਾਥ (ਸ਼ਿਵ ਯੋਗੀ ਸਿਧਾਂਤਾਂ) ਸਕੂਲ ਦਾ ਪਾਲਣ ਕਰ ਰਹੇ ਸਨ। ਵਿਆਪਕ ਤੌਰ 'ਤੇ ਇਹ ਪ੍ਰਵਾਨ ਕੀਤਾ ਜਾਂਦਾ ਹੈ ਕਿ ਉਨ੍ਹਾਂ ਦਾ ਜਨਮ 1398 ਈਸਵੀ (**ਗੁਰੂ ਨਾਨਕ ਦੇਵ ਜੀ ਤੋਂ 71ਸਾਲ ਪਹਿਲਾਂ**) ਨੂੰ ਹੋਇਆ ਸੀ। ਕਬੀਰ ਜੀ ਦੇ ਜਨਮ ਦੀ ਤਰ੍ਹਾਂ ਉਨ੍ਹਾਂ ਦੀ ਮੌਤ ਸਬੰਧੀ ਵੀ ਵਿਦਵਾਨਾਂ ਵਿੱਚ ਮੱਤਭੇਦ ਪਾਇਆ ਜਾਂਦਾ ਹੈ। ਕਬੀਰ ਜੀ ਨੂੰ ਮੰਨਣ ਵਾਲਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਮੌਤ **1518 ਈਸਵੀ** ਵਿੱਚ ਹੋਈ ਸੀ। ਉਸ ਸਮੇਂ ਉਨ੍ਹਾਂ ਦੀ ਉਮਰ ਲੱਗਭਗ 120 ਸਾਲ ਸੀ। ਪਰ **ਹਜ਼ਾਰੀ ਪ੍ਰਸ਼ਾਦ ਤ੍ਰਿਵੇਦੀ ਅਤੇ ਬਰਤਾਨਵੀ ਖੋਜੀ ਸ਼ਾਰਲੋਟ** ਅਨੁਸਾਰ ਕਬੀਰ ਜੀ ਦੀ ਮੌਤ ਲਗਭਗ 1448 ਵਿੱਚ ਹੋ ਗਈ ਸੀ।

ਇਸ ਅਧਿਐਨ ਤੋਂ ਇਹ ਸਾਹਮਣੇ ਆਉਂਦਾ ਹੈ ਕਿ ਕਬੀਰ ਜੀ ਦੇ ਜਨਮ ਅਤੇ ਮੌਤ ਸਬੰਧੀ ਵਿਦਵਾਨਾਂ ਵਿਚਕਾਰ ਵਿਆਪਕ ਮਤਭੇਦ ਸਨ, ਪਰ ਜ਼ਿਆਦਾਤਰ ਵਿਦਵਾਨਾਂ ਦਾ ਇਹ ਮੰਨਣਾ ਹੈ ਕਿ ਉਨ੍ਹਾਂ ਦਾ ਜਨਮ **1440-1448** ਦੇ ਵਿਚਕਾਰ ਉੱਤਰ ਪ੍ਰਦੇਸ਼ ਦੇ ਪ੍ਰਤਾਪਗੜ੍ਹ ਵਿੱਚ ਹੋਇਆ ਸੀ ਅਤੇ ਉਨ੍ਹਾਂ ਦੀ ਮੌਤ ਲਗਭਗ 1518 ਈਸਵੀ ਨੂੰ ਮੱਘਰ, ਉੱਤਰ ਪ੍ਰਦੇਸ਼ ਵਿੱਚ ਹੋਈ। ਭਗਤ ਕਬੀਰ ਜੀ ਦੀਆਂ ਸਿੱਖਿਆਵਾਂ ਦੇ ਕਾਰਨ ਹਿੰਦੂ ਅਤੇ ਮੁਸਲਮਾਨ ਦੋਨੋਂ ਹੀ ਉਨ੍ਹਾਂ ਨੂੰ ਆਪਣਾ ਗੁਰੂ ਮੰਨਦੇ ਸਨ। ਜਿਸ ਕਰਕੇ ਅੱਜ ਵੀ ਕਬੀਰ ਜੀ ਦੀ ਯਾਦ ਵਿੱਚ ਮੰਦਰ ਅਤੇ ਕਬਰ ਦੋਨੋਂ ਹੀ ਮੱਘਰ ਵਿੱਚ ਅੱਜ ਵੀ ਮੌਜੂਦ ਹਨ।

**ਰਚਨਾ (Work):**

ਸਦੀਆਂ ਤੋਂ ਕਬੀਰ ਜੀ ਦੇ ਕਾਰਜਾਂ ਦਾ ਸੰਗ੍ਰਹਿ ਵੱਖ-ਵੱਖ ਵਿਅਕਤੀਆਂ ਦੁਆਰਾ ਹੁੰਦਾ ਆਇਆ ਹੈ। ਭਾਰਤ ਦੇ ਵੱਖ ਵੱਖ ਖੇਤਰਾਂ ਵਿੱਚ ਵੱਖ-ਵੱਖ ਤਰ੍ਹਾਂ ਵਿਦਵਾਨਾਂ ਨੇ ਆਪਣੀ ਭਾਸ਼ਾ ਅਤੇ ਸਮਝ ਅਨੁਸਾਰ ਉਨ੍ਹਾਂ ਦੇ ਕਾਰਜਾਂ ਨੂੰ ਸੰਕਲਿਤ ਕੀਤਾ ਹੈ। ਨਤੀਜੇ ਵਜੋਂ ਇਨ੍ਹਾਂ ਸਰੋਤਾਂ ਦੀ ਸਮੱਗਰੀ ਅਤੇ ਭਾਸ਼ਾ ਵੱਖਰੀ ਹੈ। ਉਦਾਹਰਨ ਵਜੋਂ **ਸਾਖੀ** ਦੀ ਭਾਸ਼ਾ ਉੱਤੇ ਪੰਜਾਬੀ ਅਤੇ ਰਾਜਸਥਾਨੀ ਦਾ ਪ੍ਰਭਾਵ ਹੈ, ਜਦ ਕਿ **ਪਦਾਵਲੀ** ਉੱਤੇ ਭੋਜਪੁਰੀ ਭਾਸ਼ਾ ਦਾ ਪ੍ਰਭਾਵ ਹੈ। **ਬੀਜਕ** ਵਿੱਚ ਸਮਾਜਿਕ ਵਿਵਸਥਾ ਦੀ ਆਲੋਚਨਾ ਉੱਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ। ਇੱਥੋਂ ਤੱਕ **ਸਾਖੀ, ਦੋਹਾ** ਅਤੇ **ਪਦਾਵਲੀ** ਆਦਿ ਵਿੱਚ ਸ਼ਬਦਾਂ ਦੀ ਵਰਤੋਂ ਅਤੇ ਸ਼ਬਦਾਂ ਦੀ ਗਿਣਤੀ ਵਿੱਚ ਵੀ ਵਖਰੇਵਾਂ ਮਿਲਦਾ ਹੈ ਕਿਉਂਕਿ ਕਬੀਰ ਜੀ ਦੀਆਂ ਰਚਨਾਵਾਂ ਦਾ ਸੰਗ੍ਰਹਿ ਉਨ੍ਹਾਂ ਦੀ ਮੌਤ ਤੋਂ ਲਗਭਗ 75 ਸਾਲ ਬਾਅਦ ਕੀਤਾ ਗਿਆ ਸੀ। ਇਸ ਲਈ ਉਨ੍ਹਾਂ ਦੀਆਂ ਕਈ ਬਾਣੀਆਂ ਦੀ ਪ੍ਰਮਾਣਕਤਾ ਉੱਤੇ ਆਲੋਚਨਾਤਮਕ ਵਿਚਾਰ ਵਟਾਂਦਰੇ ਦੀ ਜ਼ਰੂਰਤ ਹੈ। ਉਨ੍ਹਾਂ ਦੀਆਂ ਜ਼ਿਆਦਾਤਰ ਰਚਨਾਵਾਂ ਦੋਹਿਆਂ ਦੇ ਰੂਪ ਵਿੱਚ ਮੌਜੂਦ ਹਨ। ਉਨ੍ਹਾਂ ਦੀਆਂ ਰਚਨਾਵਾਂ ਨੂੰ ਗੁਰੂ ਸਾਹਿਬਾਨ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਹੱਤਵਪੂਰਨ ਥਾਂ ਦਿੱਤੀ ਗਈ ਹੈ।

ਕਬੀਰ ਜੀ ਦੇ ਵਿਚਾਰਾਂ ਉੱਤੇ ਉਸ ਸਮੇਂ ਦੀ ਰਾਜਨੀਤਕ, ਆਰਥਿਕ, ਸਮਾਜਿਕ ਦਸ਼ਾ ਅਤੇ ਉਨ੍ਹਾਂ ਦੇ ਕਿੱਤੇ ਦਾ ਡੂੰਘਾ ਪ੍ਰਭਾਵ ਸੀ, ਜੋ ਕਿ ਉਨ੍ਹਾਂ ਦੇ ਦੋਹਿਆਂ ਵਿੱਚੋਂ ਸਪੱਸ਼ਟ ਝਲਕਦਾ ਹੈ। ਭਾਵੇਂ ਭਗਤ ਕਬੀਰ ਜੀ **ਅਰਸਤੂ, ਲਾਕ, ਰੂਸੋ** ਆਦਿ ਦੀ ਤਰ੍ਹਾਂ ਇੱਕ ਰਾਜਨੀਤਿਕ ਸਿਧਾਂਤਕਾਰ ਨਹੀਂ ਸਨ ਅਤੇ ਨਾ ਹੀ ਉਨ੍ਹਾਂ ਦੇ ਰਾਜਨੀਤੀ ਅਤੇ ਰਾਜ ਬਾਰੇ ਵਿਚਾਰ ਸਾਨੂੰ ਸਿੱਧੇ ਤੌਰ 'ਤੇ ਪ੍ਰਾਪਤ ਹੁੰਦੇ ਹਨ, ਪ੍ਰੰਤੂ ਉਨ੍ਹਾਂ ਦੀਆਂ ਰਚਨਾਵਾਂ ਵਿੱਚੋਂ ਸਾਨੂੰ ਉਸ ਸਮੇਂ ਦੀ ਸ਼ਾਸਨ ਵਿਵਸਥਾ, ਰਾਜਨੀਤਕ ਹਾਲਾਤਾਂ, ਆਰਥਿਕਤਾ ਅਤੇ ਸਮਾਜਿਕ ਦਸ਼ਾ ਦੀ ਝਲਕ ਸਪੱਸ਼ਟ ਦਿਖਦੀ ਹੈ। ਜਿਸ ਤੋਂ ਸਾਨੂੰ ਉਸ ਸਮੇਂ ਦੇ

ਸਮਾਜਿਕ, ਰਾਜਨੀਤਕ ਅਤੇ ਆਰਥਿਕ ਦਸ਼ਾ ਦੀ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਹੈ । ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਪ੍ਰਾਪਤ ਕੀਤੇ ਗਏ ਰਾਜਨੀਤਿਕ ਅਤੇ ਸਮਾਜਿਕ ਵਿਚਾਰਾਂ ਨੂੰ ਅਸੀਂ ਹੇਠ ਲਿਖੇ ਅਨੁਸਾਰ ਸਮਝ ਸਕਦੇ ਹਾਂ :

1. **ਪਰਮਾਤਮਾ ਦੀ ਸਰਬ-ਵਿਆਪਕ ਹੋਂਦ (God's omnipresent existence):** ਕਬੀਰ ਜੀ ਨੇ ਪ੍ਰਮਾਤਮਾ ਨੂੰ ਸਰਬਵਿਆਪਕ ਮੰਨਿਆ। ਉਨ੍ਹਾਂ ਅਨੁਸਾਰ ਪਰਮਾਤਮਾ ਹਰ ਥਾਂ 'ਤੇ ਮੌਜੂਦ ਹੈ। ਇਸ ਲਈ ਪ੍ਰਮਾਤਮਾ ਦੇ ਭੈਅ ਵਿੱਚ ਰਹਿ ਕੇ ਸਾਰੇ ਕੰਮ ਕਰਨੇ ਚਾਹੀਦੇ ਹਨ। ਪਰਮਾਤਮਾ ਲਈ ਸਾਰੇ ਸਮਾਨ ਹਨ ਅਤੇ ਸਾਰੇ ਮਨੁੱਖ ਉਸ ਦੇ ਆਪਣੇ ਬੱਚੇ ਹਨ। ਇਸੇ ਤਰ੍ਹਾਂ ਮਨੁੱਖ ਨੂੰ ਪਰਮਾਤਮਾ ਦੀ ਖੋਜ ਲਈ ਨਾ ਤਾਂ ਜੰਗਲਾਂ ਵਿੱਚ ਜਾਣ ਦੀ ਲੋੜ ਹੈ ਅਤੇ ਨਾ ਹੀ ਕਿਸੇ ਵਿਸ਼ੇਸ਼ ਇਮਾਰਤ ਵਿੱਚ ਕਿਉਂਕਿ ਪ੍ਰਮਾਤਮਾ ਹਰ ਇੱਕ ਮਨੁੱਖ ਦੇ ਅੰਦਰ ਵੀ ਵੱਸਦਾ ਹੈ । ਲੋੜ ਸਿਰਫ਼ ਸੱਚ ਉੱਤੇ ਚੱਲਦੇ ਹੋਏ ਉਸ ਪ੍ਰਮਾਤਮਾ ਦੇ ਨਾਮ ਨੂੰ ਜਪਣ ਦੀ ਹੈ।
2. **ਪ੍ਰਮਾਤਮਾ ਦੀ ਕ੍ਰਿਪਾ ਨਾਲ ਵਿਕਾਰਾਂ ਜਾਂ ਬੁਰਾਈਆਂ ਤੋਂ ਬਚਿਆ ਜਾ ਸਕਦਾ ਹੈ (By the grace of God, vices or evils can be avoided):** ਕਬੀਰ ਜੀ ਅਨੁਸਾਰ ਮਨੁੱਖ ਬਹੁਤ ਸਾਰੇ ਵਿਕਾਰਾਂ ਵਿਚ ਫਸਿਆ ਰਹਿੰਦਾ ਹੈ। ਇਹ ਵਿਕਾਰ ਕਾਮ, ਕ੍ਰੋਧ, ਮੋਹ, ਲੋਭ ਅਤੇ ਹੰਕਾਰ ਹਨ। ਜੋ ਕਿ ਹਰ ਸਮੇਂ ਮਨੁੱਖ ਨੂੰ ਆਪਣੇ ਵਿੱਚ ਉਲਝਾ ਕੇ ਰੱਖਦੇ ਹਨ । ਇਨ੍ਹਾਂ ਵਿਕਾਰਾਂ ਤੋਂ ਤਾਂ ਹੀ ਬਚਿਆ ਜਾ ਸਕਦਾ ਹੈ ਜੇਕਰ ਪ੍ਰਮਾਤਮਾ ਦੀ ਇੱਛਾ ਅਤੇ ਕਿਰਪਾ ਹੋਵੇ। ਇਸ ਲਈ ਸਿਰਫ ਪ੍ਰਮਾਤਮਾ ਦੀ ਉਸਤਤ ਕਰ ਕੇ ਹੀ ਇਨ੍ਹਾਂ ਤੋਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ ।
3. **ਤਨ ਦੀ ਸ਼ੁੱਧੀ ਨਾਲੋਂ ਮਨ ਦੀ ਸ਼ੁੱਧੀ 'ਤੇ ਜ਼ਿਆਦਾ ਜ਼ੋਰ (Emphasis on purity of mind rather than purity of body):** ਭਗਤ ਕਬੀਰ ਜੀ ਨੇ ਤਨ ਦੀ ਸ਼ੁੱਧੀ ਨਾਲੋਂ ਮਨ ਦੀ ਸ਼ੁੱਧੀ ਉਤੇ ਵੱਧ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਆਤਮ ਸ਼ੁੱਧੀ ਬਾਰੇ ਕਈ ਥਾਵਾਂ 'ਤੇ ਆਪਣੀ ਬਾਣੀ ਵਿੱਚ ਉਲੇਖ ਕੀਤਾ ਹੈ। ਉਨ੍ਹਾਂ ਨੇ ਆਤਮ ਸ਼ੁੱਧੀ ਲਈ ਭਾਵੇਂ ਕੋਈ ਵਿਧੀ ਨਹੀਂ ਦਰਸਾਈ ਪਰ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਨਾਮ -ਸਿਮਰਨ, ਸਤਿਸੰਗ ਅਤੇ ਅਧਿਆਤਮਕ ਕਰਮਾਂ ਰਾਹੀਂ ਹੀ ਆਤਮਾ ਭਾਵ ਮਨ ਨੂੰ ਸ਼ੁੱਧ ਕੀਤਾ ਜਾ ਸਕਦਾ ਹੈ । ਆਤਮਾ ਨੂੰ ਸ਼ੁੱਧ ਕਰਨ ਦਾ ਦੂਜਾ ਸਭ ਤੋਂ ਵਧੀਆ ਸਾਧਨ ਪ੍ਰੇਮ ਹੈ, ਜਿਸ ਨਾਲ ਪ੍ਰਮਾਤਮਾ ਨੂੰ ਹਾਸਿਲ ਕਰ ਕੇ ਆਤਮਾ ਨੂੰ ਸ਼ੁੱਧ ਕੀਤਾ ਜਾ ਸਕਦਾ ਹੈ । ਉਨ੍ਹਾਂ ਅਨੁਸਾਰ ਆਤਮਾ ਦਾ ਸ਼ੁੱਧ ਹੋਣਾ ਵੱਧ ਮਹੱਤਵਪੂਰਨ ਹੈ ਜਦਕਿ ਸਰੀਰ ਦੀ ਸਫ਼ਾਈ ਬਹੁਤ ਜ਼ਿਆਦਾ ਮਹੱਤਵਪੂਰਨ ਥਾਂ ਨਹੀਂ ਰੱਖਦੀ।
4. **ਪਰਿਵਾਰ ਸਮਾਜ ਦੀ ਅਤੇ ਮਨੁੱਖੀ ਜੀਵਨ ਦੀ ਮਹੱਤਵਪੂਰਨ ਮੁੱਢਲੀ ਇਕਾਈ (The family is an important element of society and of human life):** ਹਿੰਦੂ ਅਤੇ ਮੁਸਲਿਮ ਰਹੁ-ਰੀਤਾਂ ਦੇ ਮੁਤਾਬਿਕ ਉਸ ਸਮੇਂ ਪ੍ਰਮਾਤਮਾ ਦੀ ਪ੍ਰਾਪਤੀ ਦੇ ਲਈ ਬੜੇ ਕਠੋਰ ਕਾਰਜ ਕਰਵਾਏ ਜਾਂਦੇ ਹਨ । ਜਿਨ੍ਹਾਂ ਤਹਿਤ ਅਕਸਰ ਪਰਮਾਤਮਾ ਦੀ ਖੋਜ ਲਈ ਲੋਕ ਘਰ -ਬਾਰ ਤਿਆਗ ਦਿੰਦੇ ਸਨ ਅਤੇ ਜੰਗਲਾਂ ਵਿੱਚ ਚਲੇ ਜਾਂਦੇ ਸਨ । ਪਰ ਭਗਤ ਕਬੀਰ ਜੀ ਨੇ ਇਸ ਕਿਰਿਆ ਨੂੰ ਪਾਖੰਡ ਦੱਸਿਆ । ਉਨ੍ਹਾਂ ਅਨੁਸਾਰ ਪ੍ਰਮਾਤਮਾ ਦੀ ਪ੍ਰਾਪਤੀ ਪਰਿਵਾਰ ਵਿੱਚ ਰਹਿ ਕੇ ਵੀ ਕੀਤੀ ਜਾ ਸਕਦੀ ਹੈ । ਪਰਿਵਾਰ ਵਿੱਚ ਆਪਣੇ ਕੰਮ ਕਰਦੇ ਹੋਏ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਪੂਰੀਆਂ ਕਰਦੇ ਹੋਏ ਪਰਮਾਤਮਾ ਨੂੰ ਅਸਲ ਰੂਪ ਵਿੱਚ ਪ੍ਰਾਪਤ ਕੀਤਾ ਜਾ ਸਕਦਾ ਹੈ , ਕਿਉਂਕਿ

ਪ੍ਰਮਾਤਮਾ ਕਦੇ ਵੀ ਇਹ ਨਹੀਂ ਕਹਿੰਦਾ ਕਿ ਮਨੁੱਖ ਉਸ ਦੁਆਰਾ ਦਿੱਤੀਆਂ ਗਈਆਂ ਜ਼ਿੰਮੇਵਾਰੀਆਂ ਨੂੰ ਪੂਰਾ ਨਾ ਕਰੇ ।

5. **ਮੁਸਲਿਮ ਅਤੇ ਹਿੰਦੂ ਧਰਮ ਵਿੱਚ ਪ੍ਰਚੱਲਿਤ ਵਹਿਮਾਂ -ਭਰਮਾਂ ਅਤੇ ਰੂੜੀਵਾਦਦਾ ਖੰਡਨ (Rejection of superstitions and stereotypes prevalent in Muslim and Hindu religions):** ਉਸ ਸਮੇਂ ਹਿੰਦੂ-ਮੁਸਲਿਮ ਦੋਵਾਂ ਧਰਮਾਂ ਨੂੰ ਮੰਨਣ ਵਾਲੇ ਲੋਕ ਵਾਧੂ ਧਾਰਮਿਕ ਕਰਮਕਾਂਡਾਂ ਵਿੱਚ ਫਸੇ ਹੋਏ ਸਨ । ਦੋਵਾਂ ਧਰਮਾਂ ਦੇ ਲੋਕ ਰੂੜੀਵਾਦੀ ਵਿਚਾਰਧਾਰਾ ਵਿੱਚ ਫਸੇ ਹੋਏ ਸਨ। ਉਹ ਆਪਣੇ ਰੂੜੀਵਾਦੀ ਸੁਭਾਅ ਦੇ ਇੰਨੇ ਗੁਲਾਮ ਹੋ ਚੁੱਕੇ ਸਨ ਕਿ ਹਰ ਥਾਂ ਇੱਕ ਦੂਸਰੇ ਦਾ ਵਿਰੋਧ ਕਰਦੇ ਹੋਏ ਨਜ਼ਰ ਆਉਂਦੇ ਸਨ। ਇੱਕ ਦੂਸਰੇ ਦੇ ਵਿਰੋਧ ਅਤੇ ਇੱਕ ਧਰਮ ਦੇ ਲੋਕਾਂ ਦੁਆਰਾ ਦੂਸਰੇ ਧਰਮ ਦੇ ਲੋਕਾਂ ਦੇ ਜੀਵਨ ਵਿੱਚ ਦਖਲਅੰਦਾਜ਼ੀ ਨੂੰ ਰੋਕਣ ਦੇ ਲਈ ਉਹ ਵਾਧੂ ਕਰਮ ਕਾਂਡ ਕਰਦੇ ਸਨ । ਉਨ੍ਹਾਂ ਵਿਚਕਾਰ ਆਪਸ ਵਿੱਚ ਆਪਣੇ ਧਰਮ ਨੂੰ ਸ੍ਰੇਸ਼ਠ ਦੱਸਣ ਦੀ ਹੋੜ ਲੱਗੀ ਹੋਈ ਸੀ ਜਦਕਿ ਉਹ ਅਸਲ ਮੰਤਵ ਪ੍ਰਮਾਤਮਾ ਦੀ ਉਸਤਤ ਨੂੰ ਭੁੱਲ ਚੁੱਕੇ ਸਨ । ਧਰਮ ਉੱਤੇ ਉੱਚ ਵਰਗ ਦੇ ਲੋਕਾਂ ਦੀ ਸੱਤਾ ਹੋਣ ਕਾਰਨ ਹੇਠਲੀ ਜਾਤਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਕਰਮ ਕਾਂਡਾਂ ਵਿੱਚ ਫਸਾਇਆ ਹੋਇਆ ਸੀ ।ਕਬੀਰ ਜੀ ਨੇ ਇਨ੍ਹਾਂ ਵਾਧੂ ਦੇ ਪ੍ਰਚੱਲਤ ਕਰਮਕਾਡਾਂ ਦਾ ਹਰ ਇੱਕ ਥਾਂ ਉੱਤੇ ਖੰਡਨ ਕੀਤਾ ਹੈ ਅਤੇ ਪ੍ਰਮਾਤਮਾ ਨੂੰ ਅਸਲ ਰੂਪ ਵਿੱਚ ਪ੍ਰਾਪਤ ਕਰਨ ਦੇ ਲਈ ਸੱਚਾਈ ਅਤੇ ਪ੍ਰੇਮ ਦੇ ਰਸਤੇ ’ਤੇ ਚੱਲਣ ਦੀ ਸਿੱਖਿਆ ਦਿੱਤੀ ।

6. **ਮਨੁੱਖੀ ਅਧਿਕਾਰ ਅਤੇ ਮਨੁੱਖਤਾ ਦੇ ਕਲਿਆਣ ਵਿੱਚ ਵਿਸ਼ਵਾਸ (Belief in human rights and the welfare of humanity):** ਹਿੰਦੂ ਵਿਚਾਰਧਾਰਾ ਅਤੇ ਮੁਸਲਿਮ ਵਿਚਾਰਧਾਰਾ ਦੇ ਟਕਰਾਉਣ ਕਾਰਨ ਮਨੁੱਖ ਪਿਸ ਰਿਹਾ ਸੀ । ਹਿੰਦੂ ਅਤੇ ਮੁਸਲਿਮ ਦੋਵਾਂ ਧਰਮਾਂ ਦੀਆਂ ਰੂੜੀਵਾਦੀ ਵਿਧੀਆਂ , ਸਾਧਨਾ ਅਤੇ ਅਨੁਸ਼ਠਾਨ, ਭਾਈਚਾਰਕ ਸਬੰਧਾਂ ਦੇ ਵਿਰੋਧੀ ਸਨ। ਕਬੀਰ ਜੀ ਨੇ ਸੱਚੇ ਮਾਰਗ ਉੱਤੇ ਚੱਲਣ ਵਾਲੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਵਿਚਾਰਾਂ ਨੂੰ ਖੁੱਲ੍ਹੇ ਦਿਲ ਨਾਲ ਸਵੀਕਾਰ ਕੀਤਾ ਸੀ । ਅਸਲ ਵਿੱਚ, ਕਬੀਰ ਜੀ ਦਾ ਮੁੱਖ ਉਦੇਸ਼ ਮਨੁੱਖਤਾ ਦਾ ਕਲਿਆਣ ਕਰਨਾ ਸੀ। ਇਸ ਲਈ ਪਰੰਪਰਾਵਾਂ ਤੋਂ ਮਨੁੱਖਤਾ ਦੇ ਕਲਿਆਣ ਲਈ ਜੋ ਕੁਝ ਉਨ੍ਹਾਂ ਨੂੰ ਮਿਲ ਸਕਿਆ ਉਸ ਨੂੰ ਮੰਨ ਲਿਆ ਅਤੇ ਜੋ ਮਨੁੱਖਤਾ ਦੇ ਕਲਿਆਣ ਲਈ ਉਪਯੋਗੀ ਨਹੀਂ ਸੀ ਛੱਡ ਦਿੱਤਾ। ਛੱਡਿਆ ਹੀ ਨਹੀਂ, ਉਸ ਦੀ ਦੁਰਬਲਤਾ ਨੂੰ ਵੀ ਪੂਰੀ ਤਰ੍ਹਾਂ ਨਸ਼ਟ ਕੀਤਾ । ਕਬੀਰ ਨੇ ਮਨੁੱਖਤਾ ਦੇ ਕਲਿਆਣ ਲਈ ਜੋ ਕੁਝ ਨਵਾਂ ਉਚਿਤ ਸਮਝਿਆ ਉਸ ਨੂੰ ਲਾਗੂ ਕੀਤਾ ਅਤੇ ਉਸ ਦੀ ਉਪਯੋਗਤਾ ਨੂੰ ਸਪੱਸ਼ਟ ਕੀਤਾ । ਇਸ ਲਈ ਉਹ ਕਿਸੇ ਇੱਕ ਧਰਮ ਦੀ ਸੋਚ ਨਾਲ ਆਪਣੇ ਆਪ ਨੂੰ ਬੰਨ੍ਹ ਕੇ ਨਹੀਂ ਚੱਲਦੇ ਸਨ। ਉਨ੍ਹਾਂ ਨੇ ਆਪਣੀ ਬਾਣੀ ਵਿੱਚ ਕਈ ਥਾਂ ਮਨੁੱਖਤਾ ਅਤੇ ਮਨੁੱਖੀ ਭਲਾਈ ਦੀ ਹਾਮੀ ਭਰੀ । ਉਨ੍ਹਾਂ ਅਨੁਸਾਰ ਹਰ ਇੱਕ ਮਨੁੱਖ ਦੇ ਜਿਊਣ ਲਈ ਕੁਝ ਬੁਨਿਆਦੀ ਜ਼ਰੂਰਤਾਂ ਜਾਂ ਅਧਿਕਾਰ ਹਨ ਜਿਨ੍ਹਾਂ ਨੂੰ ਕਿਸੇ ਰਾਜ ਜਾਂ ਕਿਸੇ ਧਰਮ ਦੁਆਰਾ ਖੋਹਿਆ ਨਹੀਂ ਜਾਣਾ ਚਾਹੀਦਾ। ਇਸੇ ਲਈ ਉਨ੍ਹਾਂ ਨੇ ਬ੍ਰਾਹਮਣਵਾਦ ਅਤੇ ਰਾਜਾਸ਼ਾਹੀ ਦੇ ਅੱਤਿਆਚਾਰ ਤੋਂ ਮਨੁੱਖਤਾ ਦੀ ਸੁਰੱਖਿਆ ਦੀ ਵੀ ਗੱਲ ਕੀਤੀ ।

7. **ਹਿੰਦੂ-ਮੁਸਲਿਮ ਏਕਤਾ ਵਿੱਚ ਵਿਸ਼ਵਾਸ (Belief in Hindu-Muslim unity):** ਭਗਤ ਜੀ ਹਿੰਦੂ-ਮੁਸਲਿਮ ਏਕਤਾ ਵਿਚ ਵਿਸ਼ਵਾਸ ਰੱਖਦੇ ਸਨ ਕਿਉਂਕਿ ਉਨ੍ਹਾਂ ਨੇ ਕਿਸੇ ਵੀ ਮਨੁੱਖ ਦਾ ਕੋਈ ਵੀ ਧਰਮ ਨਹੀਂ ਸਵੀਕਾਰਿਆ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਹਿੰਦੂ -ਮੁਸਲਿਮ ਲੋਕ ਵਾਧੂ ਦੇ ਕਰਮਕਾਡਾਂ ਵਿੱਚ ਫਸੇ ਹੋਏ ਸਨ। ਜਿਸ ਕਾਰਨ ਮਨੁੱਖਤਾ ਦਾ ਨੁਕਸਾਨ ਹੋ ਰਿਹਾ ਸੀ । ਉਨ੍ਹਾਂ ਦਾ ਮੰਨਣਾ ਸੀ ਕਿ ਮਨੁੱਖ ਸਭ ਤੋਂ ਪਹਿਲਾਂ ਇੱਕ ਮਨੁੱਖ ਹੈ ਅਤੇ

ਸਾਰੀ ਮਨੁੱਖਤਾ ਵਿੱਚ ਪ੍ਰਮਾਤਮਾ ਵਸਦਾ ਹੈ ਅਤੇ ਜਨਮ ਤੋਂ ਕੋਈ ਵੀ ਹਿੰਦੂ ਜਾਂ ਮੁਸਲਮਾਨ ਜਨਮ ਨਹੀ ਹੁੰਦਾ। ਇਸ ਲਈ ਹਰ ਮਨੁੱਖ ਨੂੰ ਹਰ ਮਨੁੱਖ ਨਾਲ ਭਾਈਚਾਰਕ ਸਾਂਝ ਨਾਲ ਰਹਿਣਾ ਚਾਹੀਦਾ ਹੈ ।

8. **ਮੂਰਤੀ ਪੂਜਾ ਦੇ ਵਿਰੋਧ (Opposition to Idolatry):** ਕਬੀਰ ਜੀ ਨੇ ਉਸ ਵਕਤ ਪ੍ਰਚੱਲਿਤ ਧਰਮਾਂ ਨੂੰ ਅਤੇ ਉਨ੍ਹਾਂ ਦੇ ਕਰਮਕਾਂਡਾਂ ਦਾ ਬੌਧਿਕ ਚੇਤਨਾ ਅਤੇ ਤਰਕ ਦੇ ਆਧਾਰ 'ਤੇ ਖੰਡਨ ਕੀਤਾ। ਉਸ ਸਮੇਂ ਦੇ ਮੁਸਲਮਾਨਾਂ ਦਾ ਇਹ ਮੰਨਣਾ ਸੀ ਕਿ ਪ੍ਰਮਾਤਮਾ ਮਸਜਿਦ ਵਿੱਚ ਵੱਸਦਾ ਹੈ ਅਤੇ ਹਿੰਦੂਆਂ ਦਾ ਮੰਨਣਾ ਸੀ ਕਿ ਉਹ ਮੂਰਤੀਆਂ ਵਿੱਚ ਵੱਸਦਾ ਹੈ । ਪਰ ਕਬੀਰ ਜੀ ਇਸ ਗੱਲ ਨੂੰ ਨਹੀਂ ਮੰਨਦੇ ਸਨ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿੱਚ ਬ੍ਰਾਹਮਣਾਂ ਨੂੰ ਸਮਝਾਇਆ ਹੈ ਕਿ ਉਹ ਕਿਹੜੇ ਕਰਮਕਾਂਡਾਂ ਵਿੱਚ ਫਸੇ ਹੋਏ ਹਨ ਅਤੇ ਰਾਮ ਨਾਮ ਦੀ ਅਰਾਧਨਾ ਨਹੀਂ ਕਰਾ ਰਹੇ ਹਨ । ਅਜਿਹੇ ਕੰਮ ਕਰ ਕੇ ਬ੍ਰਾਹਮਣ ਆਪਣੇ ਜੀਵਨ ਨੂੰ ਲੈ ਡੁੱਬ ਮਰਨਗੇ। ਇਸੇ ਤਰ੍ਹਾਂ ਮੁਸਲਮਾਨ ਧਾਰਮਿਕ ਆਗੂਆਂ ਵੱਲੋਂ ਕੀਤੇ ਜਾ ਰਹੇ ਧਾਰਮਿਕ ਅਡੰਬਰਾਂ ਨੂੰ ਵੀ ਕਬੀਰ ਜੀ ਨੇ ਕਿਹਾ ਸੀ ਕਿ ਉੱਚੀ-ਉੱਚੀ ਨਵਾਜ ਪੜ੍ਹਨ ਦਾ ਕੋਈ ਫਾਇਦਾ ਨਹੀਂ ਕਿਉਂਕਿ ਰੱਬ ਬੋਲਾ ਨਹੀਂ ਹੈ । ਰੱਬ ਤਾਂ ਤੇਰੇ ਅੰਦਰ ਵਸਦਾ ਹੈ। ਇਸ ਲਈ ਰੱਬ ਨੂੰ ਅੰਦਰੋਂ ਤਲਾਸ਼ਣ ਦੀ ਲੋੜ ਹੈ।

9. **ਜਾਤ-ਪਾਤ ਦਾ ਵਿਰੋਧ (Opposition of caste system):** ਕਬੀਰ ਜੀ ਨੇ ਉਸ ਸਮੇਂ ਦੀ ਜਾਤੀ ਪ੍ਰਥਾ ਦਾ ਕਰੜਾ ਵਿਰੋਧ ਕੀਤਾ। ਉਨ੍ਹਾਂ ਨੇ ਬ੍ਰਾਹਮਣ ਅਤੇ ਸ਼ੂਦਰ ਦੀ ਵਿੱਥ ਨੂੰ ਅਕਾਰਨ ਦਰਸਾਉਣ ਲਈ ਕਿਹਾ ਕਿ ਕੁੱਲ ਦਾ ਗਿਆਨ ਮਾਤਾ ਦੇ ਪੇਟ ਵਿੱਚੋਂ ਕਿਸੇ ਨੂੰ ਵੀ ਨਹੀਂ ਹੁੰਦਾ । ਸਭ ਪਰਮਾਤਮਾ ਦਾ ਹੀ ਅੰਸ਼ ਹਨ , ਫਿਰ ਕੋਈ ਬ੍ਰਾਹਮਣ ਕਿਵੇਂ ਹੋ ਸਕਦਾ ਹੈ ਜਾਂ ਸ਼ੂਦਰ ਕਿਵੇਂ ਹੋ ਸਕਦਾ ਹੈ ? ਜੇ ਬ੍ਰਾਹਮਣ ਕੋਈ ਵੱਖਰੀ ਚੀਜ਼ ਹੈ ਤਾਂ ਉਸ ਦੀ ਉਤਪਤੀ ਬਾਕੀ ਮਨੁੱਖਾਂ ਦੀ ਉਤਪਤੀ ਤੋਂ ਵੱਖਰੀ ਕਿਸਮ ਦੀ ਕਿਉਂ ਨਹੀਂ ? ਕੀ ਸ਼ੂਦਰਾਂ ਦੀਆਂ ਨਾੜੀਆਂ ਵਿੱਚ ਲਹੂ ਹੈ ਅਤੇ ਬ੍ਰਾਹਮਣਾਂ ਦੀਆਂ ਨਾੜੀਆਂ ਵਿੱਚ ਦੁੱਧ ਹੈ? ਅਸਲ ਬ੍ਰਾਹਮਣ ਤਾਂ ਉਹ ਹੈ ਜੋ ਸਾਰਿਆਂ ਬਾਰੇ ਚਿੰਤਨ ਕਰਦਾ ਹੈ। ਕਬੀਰ ਜੀ ਨੇ ਆਪਣੀ ਉਦਾਹਰਨ ਦੇ ਕੇ ਸਪੱਸ਼ਟ ਕੀਤਾ ਹੈ ਕਿ ਤਾਂ ਕੀ ਹੋਇਆ ਜੇਕਰ ਉਹ ਜਾਤ ਦੇ ਜੁਲਾਹੇ ਹਨ, ਪਰ ਉਨ੍ਹਾਂ ਦੇ ਹਿਰਦੇ ਵਿੱਚ ਤਾਂ ਗੋਪਾਲ ਨਿਵਾਸ ਕਰ ਰਿਹਾ ਹੈ ,ਜਿਸ ਕਰ ਕੇ ਹਰ ਪ੍ਰਕਾਰ ਦੇ ਜੰਜਾਲ ਨਸ਼ਟ ਹੋ ਜਾਂਦੇ ਹਨ।

10. **ਆਸ਼ਰਮ ਵਿਵਸਥਾ ਦਾ ਖੰਡਨ (Refutation of Ashram system):** ਕਬੀਰ ਜੀ ਦੇ ਸਮੇਂ ਹਿੰਦੂ ਸਮਾਜ ਵਿੱਚ ਆਸ਼ਰਮ ਵਿਵਸਥਾ ਦਾ ਵੀ ਸਮਾਜ ਨਾਲ ਨਿ ਕਟ ਸੰਬੰਧ ਸੀ। ਪਰ ਕਬੀਰ ਜੀ ਨੇ ਇਸ ਨੂੰ ਅਣਉਚਿਤ ਦੱਸਿਆ। ਉਨ੍ਹਾਂ ਅਨੁਸਾਰ ਗ੍ਰਹਿਸਥ ਦੀਆਂ ਜ਼ਿੰਮੇਵਾਰੀਆਂ ਤੋਂ ਭੱਜਣਾ ਅਤੇ ਸੰਨਿਆਸੀ ਜਾਂ ਬਾਨਪ੍ਰਸਤੀ ਬਣਨਾ ਅਣਉਚਿਤ ਹੈ ਅਤੇ ਇਹ ਮਨੁੱਖ ਦੇ ਵਿਕਾਸ ਵਿੱਚ ਵੱਡੀ ਰੁਕਾਵਟ ਹੈ । ਇਸ ਤੋਂ ਇਲਾਵਾ ਘਰ ਬਾਰ ਛੱਡ ਕੇ ਜੋਗੀ, ਜੰਗਮ, ਸੰਨਿਆਸੀ ਜਾਂ ਇਸ ਪ੍ਰਕਾਰ ਦਾ ਸਾਧ ਬਣਨਾ ਕਬੀਰ ਜੀ ਨੂੰ ਪਸੰਦ ਨਹੀਂ ਸੀ । ਉਨ੍ਹਾਂ ਅਨੁਸਾਰ ਜੇਕਰ ਨੰਗੇ ਹੋ ਕੇ ਜੰਗਲਾਂ ਵਿੱਚ ਫਿਰਨ ਨਾਲ ਪਰਮਾਤਮਾ ਜਾਂ ਮੁਕਤੀ ਮਿਲ ਜਾਵੇ ਤਾਂ ਸਾਰੇ ਪਸ਼ੂ ਮੁਕਤ ਹੋਣੇ ਚਾਹੀਦੇ ਹਨ। ਇਸੇ ਤਰ੍ਹਾਂ ਸਿਰ ਮੁਨਾ ਕੇ ਸਿੱਧੀ ਪ੍ਰਾਪਤ ਹੁੰਦੀ ਹੋਵੇ ਤਾਂ ਹਰ ਭੇਡ ਮੁਕਤੀ ਦੀ ਅਧਿਕਾਰੀ ਹੈ।

11. **ਸਰਕਾਰ ਦੀ ਧਰਮ ਵਿਚ ਦਖਲਅੰਦਾਜ਼ੀ ਦੀ ਆਲੋਚਨਾ (Criticism of government interference in religion):** ਭਗਤ ਕਬੀਰ ਜੀ ਨੇ ਉਸ ਸਮੇਂ ਦੀ ਸਰਕਾਰ ਦੇ ਕੰਮਾਂ ਦਾ ਵੀ ਵਿਰੋਧ ਕੀਤਾ ਕਿਉਂਕਿ ਮੁਸਲਿਮ ਸ਼ਾਸਕ ਦੂਜੇ ਧਰਮਾਂ ਦੇ ਲੋਕਾਂ 'ਤੇ ਆਪਣਾ ਧਰਮ ਥੋਪ ਰਹੇ ਸਨ। ਇਨ੍ਹਾਂ ਕੰਮਾਂ ਵਿੱਚ ਉਸ ਸਮੇਂ ਦੇ ਧਾਰਮਿਕ ਨੇਤਾ ਵੀ ਉਨ੍ਹਾਂ ਦਾ ਸਾਥ ਦੇ ਰਹੇ ਸਨ । ਉਸ ਸਮੇਂ ਦੇ ਸ਼ਾਸਕ ਧਰਮ ਦੀ ਆੜ ਲੈ ਕੇ ਦੂਸਰੇ ਧਰਮ ਦੇ ਲੋਕਾਂ ਦੇ

ਉੱਤੇ ਜ਼ੁਲਮ ਕਰ ਰਹੇ ਸਨ ਅਤੇ ਦੂਸਰੇ ਧਰਮਾਂ ਦੇ ਲੋਕਾਂ ਨੂੰ ਜ਼ਬਰਦਸਤੀ ਆਪਣੇ ਧਰਮ ਵਿੱਚ ਸ਼ਾਮਲ ਹੋਣ ਲਈ ਮਜ਼ਬੂਰ ਕਰ ਰਹੇ ਸਨ। ਕਬੀਰ ਜੀ ਅਨੁਸਾਰ ਸ਼ਾਸਕਾਂ ਨੂੰ ਪਰਮਾਤਮਾ ਦੀ ਸਰਕਾਰ ਤੋਂ ਡਰਨਾ ਚਾਹੀਦਾ ਹੈ।

12. **ਅੰਤਰ-ਰਾਸ਼ਟਰਵਾਦ ਦਾਸਮਰਥਨ (Supporting Internationalism):** ਕਬੀਰ ਜੀ ਨੇ ਅੰਤਰ ਰਾਸ਼ਟਰਵਾਦ ਬਾਰੇ ਭਾਵੇਂ ਸਿੱਧੇ ਤੌਰ ਉੱਤੇ ਕੁਝ ਨਹੀਂ ਕਿਹਾ , ਪਰ ਉਨ੍ਹਾਂ ਦੇ ਵਿਚਾਰਾਂ ਤੋਂ ਅੰਤਰ -ਰਾਸ਼ਟਰਵਾਦ ਦੀ ਝਲਕ ਸਪੱਸ਼ਟ ਦਿਖਾਈ ਦਿੰਦੀ ਸੀ। ਉਨ੍ਹਾਂ ਅਨੁਸਾਰ ਇਹ ਹੱਦਾਂ-ਸਰਹੱਦਾਂ ਅਤੇ ਲੜਾਈ-ਝਗੜੇ ਨਹੀਂ ਹੋਣੇ ਚਾਹੀਦੇ ਹਨ, ਸਗੋਂ ਸਮੁੱਚੀ ਮਨੁੱਖਤਾ ਨੂੰ ਰਲ -ਮਿਲ ਕੇ ਰਹਿਣਾ ਚਾਹੀਦਾ ਹੈ । ਉਨ੍ਹਾਂ ਅਨੁਸਾਰ ਹਰ ਮਨੁੱਖ ਸਮਾਨ ਹੈ ਹਰ ਇੱਕ ਮਸਲੇ ਦਾ ਹੱਲ ਆਪਸੀ ਸਮਝ ਨਾਲ ਕੀਤਾ ਜਾ ਸਕਦਾ ਹੈ । ਸਾਰੀ ਸ੍ਰਿਸ਼ਟੀ ਪਰਮਾਤਮਾ ਦੁਆਰਾ ਬਣਾਈ ਗਈ ਹੈ ਅਤੇ ਇਸ ਉੱਤੇ ਰਹਿਣ ਵਾਲੇ ਸਾਰੇ ਇਨਸਾਨ ਆਪਸ ਵਿੱਚ ਭਰਾ ਹਨ । ਕਿਸੇ ਵੀ ਮਨੁੱਖ ਵਿਚਕਾਰ ਰੰਗ, ਨਸਲ, ਜਾਤ, ਇਲਾਕੇ ਆਦਿ ਦਾ ਭੇਦ ਨਹੀਂ ਹੋਣਾ ਚਾਹੀਦਾ।

13. **ਰਾਜ ਜਾਂ ਸਰਕਾਰ ਦਾ ਕੰਮ ਜਨਤਾ ਦੀ ਭਲਾਈ (The main function of the state or government is the welfare of the people):** ਕਬੀਰ ਜੀ ਨੇ ਦੇਖਿਆ ਕਿ ਸਮੇਂ ਦੀ ਸਰਕਾਰ ਜਨਤਾ ਦੀ ਭਲਾਈ ਨਾ ਕਰਕੇ ਜਨਤਾ 'ਤੇ ਜ਼ੁਲਮ ਕਰ ਰਹੀ ਸੀ, ਜਦਕਿ ਰਾਜ ਜਾਂ ਸਰਕਾਰ ਦਾ ਕੰਮ ਜਨਤਾ ਦੀ ਸੁਰੱਖਿਆ ਕਰਨਾ ਹੈ । ਇੱਕ ਅਜਿਹਾ ਮਾਹੌਲ ਤਿਆਰ ਕਰਨਾ ਹੈ ਜਿਸ ਵਿੱਚ ਸਾਰੇ ਬਰਾਬਰਤਾ ਦੇ ਅਧਿਕਾਰਾਂ ਨੂੰ ਮਾਣ ਸਕਣ। ਇਸ ਲਈ ਉਹ ਆਪਣੇ ਵਿਚਾਰਾਂ ਵਿੱਚ ਧਾਰਮਿਕ ਪੱਖ ਅਤੇ ਪ੍ਰਮਾਤਮਾ ਦੇ ਰਾਜ ਦੀ ਸਥਾਪਨਾ ਦੀ ਗੱਲ ਕਰਦੇ ਹਨ ।

14. **ਪਰਮਾਤਮਾ ਦੀ ਸੱਤਾ ਵਿੱਚ ਵਿਸ਼ਵਾਸ (Belief in God's power):** ਕਬੀਰ ਜੀ ਪਰਮਾਤਮਾ ਦੀ ਸੱਤਾ ਅਤੇ ਪ੍ਰਭੂਸੱਤਾ ਵਿੱਚ ਵਿਸ਼ਵਾਸ਼ ਰੱਖਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਪਰਮਾਤਮਾ ਦੀ ਸੱਤਾ ਸਭ ਤੋਂ ਉੱਤੇ ਹੈ । ਉਸ ਪਰਮ ਪਿਤਾ ਪਰਮਾਤਮਾ ਦੀ ਮਰਜ਼ੀ ਤੋਂ ਬਿਨਾਂ ਕੁਝ ਵੀ ਨਹੀਂ ਹੋ ਸਕਦਾ । ਦੁਨੀਆਂ, ਰਾਜ ਅਤੇ ਰਾਜੇ ਉਸ ਪਰਮਾਤਮਾ ਦੇ ਅਧੀਨ ਹਨ। ਇਸ ਲਈ ਮਨੁੱਖ ਨੂੰ ਦੁਨਿਆ ਵੀਂ ਸੱਤਾ ਨੂੰ ਖੁਸ਼ ਕਰਨ ਦੀ ਜਗ੍ਹਾ ਪ੍ਰਮਾਤਮਾ ਨੂੰ ਖੁਸ਼ ਕਰਨਾ ਚਾਹੀਦਾ ਹੈ।

15. **ਇਸਤਰੀ ਦਾ ਸਨਮਾਨ (Respect for women):** ਕਬੀਰ ਜੀ ਦੇ ਸਮੇਂ ਇਸਤਰੀਆਂ ਦੀ ਸਮਾਜ ਵਿੱਚ ਬਹੁਤ ਹੀ ਬੁਰੀ ਦਸ਼ਾ ਸੀ। ਕਬੀਰ ਜੀ ਅਨੁਸਾਰ ਮਨੁੱਖ ਸਿਰਫ਼ ਮਨੁੱਖ ਦੇ ਤੌਰ 'ਤੇ ਉੱਤੇ ਜਨਮ ਲੈਂਦਾ ਹੈ। ਇੱਕ ਮਨੁੱਖ ਨੂੰ ਦੂਜੇ ਮਨੁੱਖ ਨਾਲ ਕਿਸੇ ਵੀ ਤਰ੍ਹਾਂ ਦਾ ਭੇਦਭਾਵ ਨਹੀਂ ਕਰਨਾ ਚਾਹੀਦਾ ਹੈ । ਇਸ ਲਈ ਉਨ੍ਹਾਂ ਨੇ ਹਿੰਦੂ ਅਤੇ ਮੁਸਲਮ ਸਮਾਜ ਵਿੱਚ ਇਸਤਰੀਆਂ ਪ੍ਰਤੀ ਬੁਰਾਈਆਂ ਦਾ ਖੰਡਨ ਕੀਤਾ ਅਤੇ ਇਸਤਰੀਆਂ ਦੇ ਸਨਮਾਨ ਨੂੰ ਬਹਾਲ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਪਰਦਾ ਪ੍ਰਥਾ , ਬਾਲ ਵਿਆਹ ਅਤੇ ਹੋਰ ਇਸਤਰੀ ਨਾਲ ਸਬੰਧਿਤ ਬੁਰਾਈਆਂ ਦਾ ਪੁਰਜ਼ੋਰ ਖੰਡਨ ਕੀਤਾ।

16. **ਸੱਚੇ ਅਤੇ ਨੈਤਿਕ ਜੀਵਨ ਉੱਤੇ ਜ਼ੋਰ (Emphasis on truthful and moral life):** ਕਬੀਰ ਜੀ ਉੱਚ ਨੈਤਿਕ ਜੀਵਨ ਵਿੱਚ ਵਿਸ਼ਵਾਸ ਰੱਖਦੇ ਸਨ । ਉਨ੍ਹਾਂ ਅਨੁਸਾਰ ਨੈਤਿਕਤਾ ਸੱਚ 'ਤੇ ਆਧਾਰਿਤ ਹੈ। ਸੱਚਾ ਅਤੇ ਨੈਤਿਕ ਜੀਵਨ ਜਿਉਂ ਕੇ ਪ੍ਰਮਾਤਮਾ ਨੂੰ ਹਾਸਿਲ ਕੀਤਾ ਜਾ ਸਕਦਾ ਹੈ । ਕਬੀਰ ਜੀ ਨੇ ਅਸਲ ਨੈਤਿਕਤਾ ਦੇ

ਪਾਲਣ ਉੱਤੇ ਜ਼ੋਰ ਦਿੱਤਾ ਜੋ ਕਿ ਪੂਰਨ ਤੌਰ ਉੱਤੇ ਸੱਚ ਉੱਤੇ ਆਧਾਰਿਤ ਸੀ । ਉਨ੍ਹਾਂ ਅਨੁਸਾਰ ਨੈਤਿਕਤਾ ਆਮ ਨਹੀਂ ਸਗੋਂ ਪਰਮਾਤਮਾ ਦੇ ਹੁਕਮ ਅੰਦਰ ਰਹਿ ਕੇ ਹੀ ਇਸ ਨੈਤਿਕਤਾ ਦਾ ਪਾਲਣ ਕੀਤਾ ਜਾ ਸਕਦਾ ਹੈ।

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਸੰਤ ਕਬੀਰ ਤਤਕਾਲੀਨ ਧਾਰਮਿਕ, ਸਮਾਜਿਕ, ਰਾਜਨੀਤਕ ਸਥਿਤੀ ਤੋਂ ਸੰਤੁਸ਼ਟ ਨਹੀਂ ਸਨ। ਇਸ ਲਈ ਕਬੀਰ ਜੀ ਨੇ ਲੋਕਾਂ ਅੰਦਰ ਨਵੀਂ ਚੇਤਨਾ ਪੈਦਾ ਕੀਤੀ । ਪਖੰਡ ਪੂਰਨ ਬਾਹਰਲੇ ਧਾਰਮਿਕ ਅਡੰਬਰਾਂ ਅਤੇ ਅਨੁਸ਼ਠਾਨਾਂ ਨੂੰ ਛੱਡਣ ਲਈ ਪ੍ਰੇਰਨਾ ਦਿੱਤੀ ਅਤੇ ਜਾਤ -ਪਾਤ ਅਤੇ ਆਸ਼ਰਮ ਵਿਧਾਨ ਦਾ ਵਿਰੋਧ ਕਰਕੇ ਗ੍ਰਹਿਸਤ ਜੀਵਨ ਨੂੰ ਪਰਉਪਕਾਰੀ ਸਮਝਿਆ । ਇਸ ਤਰ੍ਹਾਂ ਕਬੀਰ ਜੀ ਨੇ ਧਾਰਮਿਕ ਉਥਾਨ ਰਾਹੀਂ ਸਮਾਜਿਕ ਕਦਰਾਂ-ਕੀਮਤਾਂ ਨੂੰ ਨਵੇਂ ਢੰਗ ਨਾਲ ਪ੍ਰਚੱਲਿਤ ਕਰਨ ਲਈ ਲੋਕਾਂ ਦੇ ਮਨ ਵਿੱਚ ਉਤਸ਼ਾਹ ਭਰਿਆ । ਭਾਰਤੀ ਸੱਭਿਆਚਾਰ ਦੇ ਗਲ-ਸੜ ਚੁੱਕੇ ਅੰਸ਼ਾਂ ਨੂੰ ਖਤਮ ਕਰਕੇ ਨਵੇਂ ਨਰੋਏ ਕਲਿਆਣਕਾਰੀ ਮੁੱਲਾਂ ਦੀ ਸਥਾਪਨਾ ਕੀਤੀ। ਉਨ੍ਹਾਂ ਦੇ ਕ੍ਰਾਂਤੀਕਾਰੀ ਵਿਚਾਰ ਉਨ੍ਹਾਂ ਨੂੰ ਇੱਕ ਸੱਚਾ ਲੋਕ ਨਾਇਕ ਸਿੱਧ ਕਰਦੇ ਹਨ। ਉਹ ਸੱਚਮੁੱਚ ਇੱਕ ਯੁੱਗ ਪੁਰਸ਼ ਸਨ।